## ਭਗਤ ਨਾਮਦੇਵ - ਸਬਦ ੩੪

## ਧਨਿ ਧੰਨਿ ਓ ਰਾਮ ਬੇਨੁ ਬਾਜੈ ॥

### ਰਾਗੁ ਮਾਲੀ ਗਉੜਾ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੯੮੮

ਧਨਿ ਧੰਨਿ ਓ ਰਾਮ ਬੇਨੁ ਬਾਜੈ ॥

ਮਧੁਰ ਮਧੁਰ ਧੁਨਿ ਅਨਹਤ ਗਾਜੈ ॥੧॥ ਰਹਾਉ ॥

ਧਨਿ ਧਨਿ ਮੇਘਾ ਰੋਮਾਵਲੀ ॥

ਧਨਿ ਧਨਿ ਕ੍ਰਿਸਨ ਓਢੈ ਕਾਂਬਲੀ ॥੧॥

ਧਨਿ ਧਨਿ ਤੂ ਮਾਤਾ ਦੇਵਕੀ ॥

ਜਿਹ ਗ੍ਰਿਹ ਰਮਈਆ ਕਵਲਾਪਤੀ ॥੨॥

ਧਨਿ ਧਨਿ ਬਨ ਖੰਡ ਬਿੰਦ੍ਰਾਬਨਾ ॥

ਜਹ ਖੇਲੈ ਸ੍ਰੀ ਨਾਰਾਇਨਾ ॥੩॥

ਬੇਨੁ ਬਜਾਵੈ ਗੋਧਨੁ ਚਰੈ ॥

ਨਾਮੇ ਕਾ ਸੁਆਮੀ ਆਨਦ ਕਰੈ ॥੪॥੧॥

ਸਾਰ: ਧੰਨ ਉਹ ਨਹੀਂ ਜਿਨ੍ਹਾਂ ਨੂੰ ਜੀਵਨ ਵਿਚ ਭੌਤਿਕ ਪ੍ਰਾਪਤੀਆਂ ਮਿਲੀਆਂ ਹਨ, ਸਗੋਂ ਉਹ ਹਨ ਜਿਨ੍ਹਾਂ ਨੇ ਆਪਣੇ ਅੰਦਰ ਅਤੇ ਸਮੁੱਚੀ ਸ੍ਰਿਸ਼ਟੀ ਵਿਚ ਪਹਿਲਾਂ ਹੀ ਮੌਜੂਦ ਪਵਿੱਤਰਤਾ ਨੂੰ ਪਛਾਣ ਲਿਆ ਹੈ। ਉਹ ਸੱਚਮੁੱਚ ਭਾਗਾਂ ਵਾਲੇ ਹਨ ਕਿਉਂਕਿ ਉਹ ਹਉਮੈ ਅਤੇ ਵੱਖਰੇਪਣ ਦੇ ਭਰਮ ਤੋਂ ਪਾਰ ਦੇਖਦੇ ਹਨ, ਸੰਸਾਰ ਦੀਆਂ ਜਟਿਲਤਾਵਾਂ ਵਿਚਕਾਰ ਵੀ ਆਪਣੇ ਅੰਦਰ ਦੀ ਨਿਰਮਲਤਾ ਨੂੰ ਕਾਇਮ ਰੱਖਦੇ ਹਨ ਅਤੇ ਇਸ ਸੱਚ ਨੂੰ ਜੀਵਨ ਵਿਚ ਧਾਰਨ ਕਰਦੇ ਹਨ ਕਿ ਇਕੋ ਹੀ ਤੱਤਸਾਰ ਸਮੁੱਚੀ ਹੋਂਦ ਵਿਚ ਵਿਆਪਕ ਹੈ। ਉਹ ਡਰ, ਮੋਹ ਜਾਂ ਜਟਿਲ ਪਛਾਣਾਂ ਦੇ ਬੰਧਨਾਂ ਵਿਚ ਨਹੀਂ ਬੱਝਦੇ ਅਤੇ ਨਾ ਹੀ ਮਾਣ-ਸਨਮਾਨ, ਮਾਲਕੀ ਜਾਂ ਉੱਚਤਾ ਦੀ ਲਾਲਸਾ ਨਾਲ ਪ੍ਰੇਰਿਤ ਹੁੰਦੇ ਹਨ। ਉਨ੍ਹਾਂ ਦੀ ਧੰਨਤਾ ਇਸ ਤੱਥ ਵਿਚ ਨਿਹਿਤ ਹੈ ਕਿ ਉਹ ਅੰਦਰੋਂ ਆਜ਼ਾਦ, ਦੂਜਿਆਂ ਪ੍ਰਤੀ ਦਇਆਵਾਨ ਅਤੇ ਜੀਵਨ ਦੀ ਸਹਿਜਤਾ ਨਾਲ ਇਕਸੁਰ ਹੋ ਚੁੱਕੇ ਹਨ। ਅੰਤਰੀਵੀ ਸੰਪੂਰਨਤਾ ਨੂੰ ਪ੍ਰਾਪਤ ਕਰਕੇ ਉਹ ਨਿਮਰਤਾ ਅਤੇ ਸਹਿਜਤਾ ਵਿਚ ਜੀਵਨ ਬਿਤਾਉਂਦੇ ਹਨ ਅਤੇ ਆਪਣੇ ਆਲੇ-ਦੁਆਲੇ ਵੱਸਣ ਵਾਲਿਆਂ ਲਈ ਸ਼ਾਂਤੀ ਅਤੇ ਉਤਸ਼ਾਹ ਦਾ ਸਰੋਤ ਬਣ ਜਾਂਦੇ ਹਨ।

ਧਨਿ ਧੰਨਿ ਓ ਰਾਮ ਬੇਨੁ ਬਾਜੈ ॥
ਧੰਨ ਅਤੇ ਅਦਭੁਤ ਹੈ ਉਹ ਵੰਝਲੀ ਜੋ ਸਰਬ-ਵਿਆਪਕ ਏਕਮ ਸਤਾ ਦੀ ਹਕੀਕਤ ਦਾ ਰਾਗ ਛੇੜਦੀ ਹੈ। ਇਹ ਭਾਵ ਉਸ ਅੰਤਰੀਵੀ ਜਾਗਰੂਕਤਾ ਵੱਲ ਸੰਕੇਤ ਕਰਦਾ ਹੈ ਜੋ ਵੰਨ-ਸੁਵੰਨਤਾ ਵਿਚ ਵੀ ਏਕਤਾ ਦਾ ਅਨੁਭਵ ਕਰਦੀ ਹੈ।

ਮਧੁਰ ਮਧੁਰ ਧੁਨਿ ਅਨਹਤ ਗਾਜੈ ॥੧॥ ਰਹਾਉ ॥
ਅਨਾਹਦ ਦਾ ਮਿੱਠਾ ਅਤੇ ਸੁਰੀਲਾ ਨਾਦ ਨਿਰੰਤਰ ਗੂੰਜਦਾ ਰਹਿੰਦਾ ਹੈ। ਇਹ ਭਾਵ "ਅਨਾਹਦ" ਨੂੰ ਬਿਨਾ ਕਿਸੇ ਉਦਮ ਅੰਤਰੀਵੀ ਸਦਭਾਵਨਾ ਵਜੋਂ ਦਰਸਾਉਂਦਾ ਹੈ ਜੋ ਉਸ ਵੇਲੇ ਪੈਦਾ ਹੁੰਦੀ ਹੈ ਜਦੋਂ ਮਨ ਸਪਸ਼ਟਤਾ ਦੇ ਘਰ ਅੰਦਰ ਟਿਕ ਜਾਂਦਾ ਹੈ। (੧)(ਠਹਿਰਾਉ)

ਧਨਿ ਧਨਿ ਮੇਘਾ ਰੋਮਾਵਲੀ ॥
ਸੰਘਣੀ ਅਤੇ ਸੁੰਦਰ ਉੱਨ ਵਾਲਾ ਭੇਡੂ ਧੰਨ ਅਤੇ ਅਦਭੁੱਤ ਹੈ।ਇਹ ਭਾਵ ਸ੍ਰਿਸ਼ਟੀ ਦੀ ਸਲਾਹਣਾ ਨੂੰ ਦਰਸਾਉਂਦਾ ਹੈ, ਜੋ ਹੋਰ ਜੀਵ-ਜੰਤੂਆਂ ਦੇ ਜੀਵਨ-ਨਿਰਬਾਹ ਲਈ ਸਾਧਨ ਪ੍ਰਦਾਨ ਕਰਦੀ ਹੈ।

ਧਨਿ ਧਨਿ ਕ੍ਰਿਸਨ ਓਢੈ ਕਾਂਬਲੀ ॥੧॥
ਧੰਨ ਅਤੇ ਵਡਿਆਈ ਦੇ ਯੋਗ ਹੈ ਉਹ ਕੰਬਲ ਜੋ ਕ੍ਰਿਸ਼ਨ ਨੇ ਧਾਰਨ ਕੀਤਾ ਹੋਇਆ ਹੈ। ਇਹ ਭਾਵ ਦਰਸਾਉਂਦਾ ਹੈ ਕਿ ਸਰਬ-ਵਿਆਪਕ ਚੇਤਨਾ ਭੌਤਿਕ ਰੂਪਾਂ ਵਿਚ ਪ੍ਰਗਟ ਹੁੰਦੀ ਹੈ ਅਤੇ ਸਮੁੱਚੇ ਪਦਾਰਥ ਜਗਤ ਨੂੰ ਆਪਣੇ ਅੰਦਰ ਸਮਾਈ ਰੱਖਦੀ ਹੈ। (੧)

ਧਨਿ ਧਨਿ ਤੂ ਮਾਤਾ ਦੇਵਕੀ ॥
ਧੰਨ ਅਤੇ ਪ੍ਰਸ਼ੰਸਾ ਦੇ ਯੋਗ ਹੋ ਤੁਸੀਂ, ਮਾਤਾ ਦੇਵਕੀ। ਇਹ ਭਾਵ ਜਾਗਰੂਕਤਾ ਦੀ ਉਸ ਕੁਖ ਵੱਲ ਸੰਕੇਤ ਕਰਦਾ ਹੈ ਜੋ ਆਤਮਿਕ ਬੋਧ ਨੂੰ ਜਨਮ ਦਿੰਦੀ ਹੈ ਅਤੇ ਉਸ ਦੇ ਵਿਗਾਸ ਵਿਚ ਸਹਾਈ ਹੁੰਦੀ ਹੈ।

ਜਿਹ ਗ੍ਰਿਹ ਰਮਈਆ ਕਵਲਾਪਤੀ ॥੨॥

ਉਸ ਘਰ ਵਿਚ ਸਰਬ-ਵਿਆਪਕ ਦੀ ਹਾਜ਼ਰਤਾ ਦਾ ਵਾਸ ਸਦਾ ਕਾਇਮ ਰਹਿੰਦਾ ਹੈ। ਇਹ ਭਾਵ ਉਸ ਅੰਤਰੀਵੀ ਅਵਸਥਾ ਵੱਲ ਸੰਕੇਤ ਕਰਦਾ ਹੈ ਜੋ ਵਿਸ਼ਵਵਿਆਪੀ ਭਾਵਨਾ ਨਾਲ ਲਬਰੇਜ਼ ਅਤੇ ਏਕਤਾ ਨੂੰ ਸਦਾ ਕਾਇਮ ਰੱਖਦੀ ਹੈ। (੨)

ਧਨਿ ਧਨਿ ਬਨ ਖੰਡ ਬਿੰਦ੍ਰਾਬਨਾ ॥
ਧੰਨ ਅਤੇ ਮਨਮੋਹਕ ਹਨ ਵ੍ਰਿੰਦਾਵਨ ਦੇ ਬਨ ਅਤੇ ਖੇਤ। ਇਹ ਸਰੀਰਕ ਸਰੂਪ ਨੂੰ ਇਕ ਅਜਿਹੇ ਬਾ-ਕੀਮਤੀ ਘਰ ਵਜੋਂ ਦਰਸਾਉਂਦਾ ਹੈ, ਜਿਸ ਵਿਚ ਸਰਬ-ਵਿਆਪਕ ਦੈਵੀ ਚੇਤਨਾ ਸਦ ਪ੍ਰਫੁੱਲਤ ਹੁੰਦੀ ਹੈ।

ਜਹ ਖੇਲੈ ਸ੍ਰੀ ਨਾਰਾਇਨਾ ॥੩॥
ਇਸ ਖੰਡ ਵਿਚ ਪਰਮ ਊਰਜਾ ਪ੍ਰਫੁੱਲਤ ਹੁੰਦੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਸਰਬ-ਵਿਆਪਕ ਸਤਾ ਦਾ ਅਨੁਭਵ ਜੀਵਨ ਦੀ ਬੇਪ੍ਰਵਾਹੀ, ਅਤੇ ਸਹਿਜ ਸੁਭਾਵਿਕ ਪ੍ਰਵਾਹ ਵਿਚ ਹੁੰਦਾ ਹੈ। (੩)

ਬੇਨੁ ਬਜਾਵੈ ਗੋਧਨੁ ਚਰੈ ॥
ਇਹ ਵੰਝਲੀ ਵਜਾਉਂਦਾ ਹੋਇਆ ਗਾਵਾਂ ਨੂੰ ਚਰਾਉਂਦਾ ਹੈ। ਇਹ ਭਾਵ ਉਸ ਸਦਭਾਵਨਾ ਦੀ ਅਵਸਥਾ ਨੂੰ ਦਰਸਾਉਂਦਾ ਹੈ, ਜਿਸ ਵਿਚ ਬਿਬੇਕ ਇੰਦ੍ਰੀਆਂ ਅਤੇ ਵਿਚਾਰਾਂ ਦਾ ਮਾਰਗਦਰਸ਼ਨ ਸਹਿਜਤਾ ਵਿਚ ਕਰਦਾ ਹੈ।

ਨਾਮੇ ਕਾ ਸੁਆਮੀ ਆਨਦ ਕਰੈ ॥੪॥੧॥
ਨਾਮਦੇਵ ਆਖਦੇ ਹਨ ਕਿ ਮੇਰਾ ਅੰਤਰੀਵੀ ਰਹਿਬਰ ਅਨੰਦ ਦੀ ਸਿਰਜਣਾ ਕਰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਆਪਣੇ ਅਸਲ ਸਰੂਪ ਦੀ ਪਹਿਚਾਣ ਸਵੈ-ਨਿਰਭਰ ਅਤੇ ਅੰਦਰੋਂ ਉਪਜਣ ਵਾਲੇ ਆਨੰਦ ਦਾ ਅਨੁਭਵ ਕਰਵਾਉਂਦੀ ਹੈ। (੪)(੧)

**ਤੱਤ:** ਭਗਤ ਨਾਮਦੇਵ ਸਾਡੇ ਅੰਦਰ ਵੱਸਦੀ ਸਦਭਾਵਨਾ ਦਾ ਇਕ ਸ਼ਕਤੀਸ਼ਾਲੀ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ ਅਤੇ ਸਾਨੂੰ ਇਹ ਪਛਾਣਣ ਲਈ ਪ੍ਰੇਰਿਤ ਕਰਦੇ ਹਨ ਕਿ ਸਾਡਾ ਸਰੀਰ ਅਤੇ ਮਨ ਹੀ 'ਵ੍ਰਿੰਦਾਵਨ' ਦੇ ਰੂਪ ਹਨ, ਆਤਮਿਕ ਅਨੁਭਵ ਦਾ ਇਕ ਅਜਿਹਾ ਅੰਤਰੀਵੀ ਧਰਾਤਲ, ਜਿੱਥੇ ਏਕਤਾ ਦੇ ਸੰਗੀਤ ਦਾ ਗਾਇਨ ਨਿਰੰਤਰ ਹੁੰਦਾ ਰਹਿੰਦਾ ਹੈ। ਇਹ ਭਾਵ ਬੋਧ ਕਰਵਾਉਂਦਾ ਹੈ ਕਿ ਦੈਵੀ ਹਕੀਕਤ ਕੋਈ ਅਜਿਹੀ ਵਸਤ ਨਹੀਂ ਜਿਸ ਨੂੰ ਬਾਹਰ ਭਾਲਣ ਦੀ ਲੋੜ ਹੈ; ਇਹ ਤਾਂ ਉਹ ਸਰਬ-ਵਿਆਪਕ ਸਤਾ ਹੈ ਜੋ ਸਾਡੇ ਰੋਜ਼ਾਨਾ

ਜੀਵਨ ਵਿਚ ਹਰ ਥਾਂ ਮੌਜੂਦ ਰਹਿੰਦੀ ਹੈ ਅਤੇ ਸੰਸਾਰ ਨਾਲ ਸਾਡੇ ਸੰਪਰਕ ਦੌਰਾਨ ਸਾਡੀਆਂ ਇੰਦ੍ਰੀਆਂ ਅਤੇ ਵਿਚਾਰਾਂ ਦਾ ਸਹਿਜਤਾ ਨਾਲ ਮਾਰਗਦਰਸ਼ਨ ਕਰਦੀ ਹੈ। ਜਦੋਂ ਅਸੀਂ ਆਪਣਾ ਧਿਆਨ ਅੰਦਰ ਵੱਲ ਮੋੜਦੇ ਹਾਂ, ਤਦ ਅਸੀਂ ਉਸ ਅਨੰਦਮਈ ਅਵਸਥਾ ਦਾ ਅਨੁਭਵ ਕਰਦੇ ਹਾਂ ਜੋ ਸਾਡੇ ਅਸਲ ਸਰੂਪ ਵਿਚ ਹੀ ਨਿਹਿਤ ਹੈ ਅਤੇ ਸਾਨੂੰ ਅੰਤਰੀਵੀ ਸ਼ਾਂਤੀ ਅਤੇ ਅਟੱਲ ਖੁਸ਼ੀ ਦਾ ਅਹਿਸਾਸ ਕਰਵਾਉਂਦੀ ਹੈ।

---


ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**